# ਪਰਮੇਸ਼ਵਰ ਦੀ ਸੇਵਾ ਲਈ ਇੱਕਠੇ ਕੰਮ ਕਰਨਾ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਬੱਚਿਆਂ ਦੀ ਮੱਦਦ ਕਰੋ, ਉਨ੍ਹਾਂ ਦੇ ਵਿਸ਼ਵਾਸ ਨੂੰ ਨਵਾਂ ਕਰੋ ਕਿ ਉਹ ਪਾਪਾਂ ਤੋਂ ਮੁੜਨ ਅਤੇ ਤੁਹਾਡੀ ਸੇਵਾ ਕਰਨ।

ਇੰਨ੍ਹਾਂ ਬੱਚਿਆਂ ਦੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਨੂੰ ਚੁਣੋ, ਜਿਹੜੀਆਂ ਕਿ ਉਨ੍ਹਾਂ ਦੀਆਂ ਲੋੜਾਂ ਅਤੇ ਉਮਰ ਵਿੱਚ ਸੱਹੀ ਬੈਠਦੀਆ ਹਨ।



ਇੱਕ ਵੱਡਾ ਬੱਚਾ ਜਾ ਅਧਿਆਪਕ ਪੜ੍ਹੇ ਜਾ 2 ਇਤਹਾਸ 30 ਬਾਪ ਵਿੱਚੋ ਹਿਜ਼ਦੀਯਾਹ ਰਾਜੇ ਦੇ ਬਾਰੇ ਦਸੋ।

- ਇਹ ਕਹਾਣੀ ਦੱਸਦੀ ਹੈ ਕਿ ਰਾਜੇ ਨੇ ਉਹਦੇ ਲੋਕਾਂ ਕੋਲ ਅਧਿਆਪਕ (ਸਿਖਾਉਣ ਵਾਲਿਆ ਨੂੰ) ਘੱਲੇ, ਅਤੇ ਉਹਦੇ ਲੋਕਾ ਲਈ ਉਹ ਜਾਗਰਤੀ ਲੈ ਕੇ ਆਏ।

  ਕਹਾਣੀ ਸੁਣਾਉਣ ਤੋ ਬਾਦ, ਇੰਨ੍ਹਾਂ ਪ੍ਰਸ਼ਨਾਂ ਨੂੰ ਪੁਛੋ (ਉੱਤਰ, ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)

- ਕਿਸ ਨੇ ਲੋਕਾਂ ਨੂੰ ਪਰਮੇਸ਼ਵਰ ਦੀ ਅਰਾਧਨਾ ਲਈ ਫਸਹ ਦਾ ਤਿਉਹਾਰ ਯਰੂਸਲਮ ਵਿੱਚ ਰੱਖ ਕੇ? (ਉੱਤਰ : ਆਇਤ 1 ਦੇਖੋ) ਰਾਜਾ ਨੇ ਆਪਣੇ ਸੱਦੇ ਨੂੰ ਕਿਵੇਂ ਸਦਿਆਂ ਬਾਹਰ ਭੇਜਿਆ? (ਉੱਤਰ : ਆਇਤ 10 ਵੇਖੋ, ਉਸ ਨੇ ਸੁਨੇ ਹਾ ਦੇਣ ਵਾਲਿਆ ਨੂੰ ਘੱਲਿਆ)
- ਕਿਸ ਤਰ੍ਹਾਂ ਕੁਝ ਲੋਕਾਂ ਨੇ ਉੱਤਰ ਦਿੱਤਾ? *(ਉੱਤਰ : ਵੇਖੋ ਆਇਤ 11)*
- ਕਿਸ ਨੇ ਉਨ੍ਹਾਂ ਲੋਕਾਂ ਦੀ ਇੱਛਾ ਅਨੁਸਾਰ, ਚੰਗਾ ਉੱਤਰ ਦੇਣ ਲਈ ਤਿਆਰ ਕੀਤਾ? *(ਉੱਤਬ : ਵੇਖੋ ਆਇਤ 12)*
- ਕਿਸ ਤਰ੍ਹਾਂ ਲੋਕਾਂ ਨੇ ਅਭਿਆਸ ਰਾਹੀ ਕੀਤਾ, ਜਿਹੜਾ ਕਿ ਉਨ੍ਹਾਂ ਨੇ ਪਰਮੇਸ਼ਵਰ ਦੇ ਵਚਨਾ ਤੋ ਸੁਣਿਆ ਸੀ? *(ਉੱਤਰ : ਵੇਖੋ 14 ਆਇਤ)*
- ਕਿਹੜੇ ਦੂਜੇ ਰਾਜੇ ਦੇ ਰਾਜ ਅੰਦਰ, ਉਨ੍ਹਾਂ ਨੇ ਇਹ ਆਖਰੀ ਫਸਹ ਨੂੰ, ਇਸ ਤਰੀਕੇ ਨਾਲ ਮਨਾਇਆ ਸੀ? *(ਉੱਤਰ : ਦੇਖੋ ਆਇਤ 26)*

ਰਾਜਾ ਹਿਜਕੀਯਾਹ ਦੀ ਕਹਾਣੀ ਦੇ ਹਿੱਸਿਆ ਦਾ ਨਾਟਕ ਤਿਆਰ ਕਰੋ, ਜਿਹੜਾ ਕਿ ਆਪਣੇ ਲੋਕਾਂ ਲਈ ਜਾਗਰਤੀ ਲੈ ਕੇ ਆਇਆ। ਮੁੱਖ ਕਲੀਸੀਆਂ ਅਰਾਧਨਾ ਦੇ ਆਂਗੂਵੇ ਨਾਲ ਮਿੱਲ ਕੇ, ਇਸ ਛੋਟੇ ਨਾਟਕ ਨੂੰ ਪੇਸ਼ ਕਰਨ ਦਾ ਪ੍ਰਬੰਧ ਕਰੇ। ਆਪਣੇ ਸ਼ਮੇ ਨੂੰ ਬੱਚਿਆਂ ਨੂੰ ਨਾਟਕ ਤਿਆਰ ਕਰਨ ਵਿੱਚ ਲਾਉ। ਵੱਡੇ ਬੱਚੇ ਛੋਟਿਆ ਦੀ ਮੱਦਦ ਕਰਨ।

- ਵੱਡੇ ਬੱਚੇ ਜਾਂ ਬਾਲਿਗਾਂ, ਇੰਨ੍ਹਾਂ ਹਿੱਸਿਆ ਨੂੰ ਕਰਣ।

**ਵਾਚਕ:** ਕਹਾਣੀ ਨੂੰ ਛੋਟਾ ਕਰਕੇ, ਬੱਚਿਆਂ ਨੂੰ ਯਾਦ ਕਰਾਉਣ ਵਿੱਚ ਮੱਦਦ ਕਰੋ, ਕਿ ਉਨ੍ਹਾਂ ਨੂੰ ਕੀ ਆਖਣਾ ਹੈ? ਅਤੇ ਕੀ ਕਰਨਾ ਹੈ।

**ਰਾਜਾਂ ਹਿਜਕੀਯਾਹ** : ਆਪਣੇ ਹੱਥਾਂ ਵਿੱਚ ਇੱਕ ਕਾਰਜ ਰੱਖੋ।

- ਛੋਟੇ ਬੱਚੇ ਇੰਨ੍ਹਾਂ ਹਿੱਸਿਆ ਨੂੰ ਕਰਨ

**ਰਾਜਾ ਦਾ ਸੁਨੇਹਾ ਦੇਣ ਵਾਲੇ**

**ਟਿੱਚਰ** (ਮਖੌਲ) ਕਰਨ ਵਾਲੇ

ਉਹ ਲੋਕ ਜਿੰਨਾਂ ਨੂੰ ਸੁਨੇਹੇ ਦੀ ਲੋੜ ਹੈ।

**ਜਾਜਕ**

**ਵਾਚਕ** : 2 ਇਤਹਾਸ 30:1–12 ਵਿੱਚੋ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੋ। ਆਖੇ, ''ਸੁਣੋ! ਰਾਜਾ ਹਿਜਕੀਯਾਹ ਦੇ ਹੁੱਕਮਾ ਨੂੰ।''

**ਰਾਜਾਂ ਹਿਜਕੀਯਾਹ:** ਸੁਨੇਹਾ ਦੇਣ ਵਾਲਿਓ ਇਸਰਾਏਲ ਦੇ ਸਾਰੇ ਸ਼ਹਿਰਾਂ ਵਿੱਚ ਜਾਉ। ਉਨ੍ਹਾਂ ਨੂੰ ਸੁਨੇਹਾ ਦਿਉ। ਯਰੂਸਲਮ ਆਕੇ ਪਸਹ ਦਾ ਤਿਉਹਾਰ ਮਨਾਉਣ। ਸਾਨੂੰ ਸਾਰਿਆਂ ਨੂੰ ਪਛਤਾਵਾ ਕਰਨ ਦੀ ਲੋੜ ਹੈ ਅਤੇ ਪਰਮੇਸ਼ਵਰ ਦੀਆ ਅਸੀਸਾ ਲੈਣ ਦੀ।''

**ਰਾਜਾਂ ਦਾ ਸੁਨੇਹ ਦੇਣ ਵਾਲੇ** :- ਦਰਸ਼ਕਾਂ ਵੱਲ ਜਾ ਕੇ ਕਿਸੇ ਵੱਖ ਬੰਦੇ ਕੋਲ, ਆਖੋ, ''ਪਛਤਾਵਾ ਕਰੋ, ਅਤੇ ਯਰੂਸਲਮ ਆਉ ਪਸਹ ਮਨਾਉਣ ਲਈ।

**ਟਿੱਚਰ ਕਰਨ ਵਾਲੇ,** ''ਉਹ ਤਾਂ ਜਾਣ ਲਈ ਬੜਾ ਦੂਰ ਹੈ। ਅਸੀਂ ਤਾਂ ਨਹੀ ਜਾਵਾਂਗੇ।''

**ਉਹ ਲੋਕ ਜਿੰਨਾਂ ਨੂੰ ਸੁਨੇਹੇ ਦੀ ਲੋੜ ਹੈ:-** ''ਹਾਂ, ਪਰਮੇਸ਼ਵਰ ਸਾਨੂੰ ਪਛਤਾਵਾ ਕਰਣ ਵਿੱਚ ਮੱਦਦ ਕਰੇਗਾ। ਅਸੀ ਤਾ ਜਾਵਾਗੇ।''

**ਵਾਚਕ:** 2 ਇਤਹਾਸ 30: 13-27 ਵਿੱਚੋ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੋ। ਫਿਰ ਆਖੋ, ''ਸੁਣੋ, ਲੋਕੀ ਕੀ ਆਖਦੇ ਹਨ।''

**ਉਹ ਲੋਕ ਜਿੰਨਾ ਨੂੰ ਸੁਨੇਹੇ ਦੀ ਲੋੜ ਹੈ** : ''ਸਾਨੂੰ ਪਸਹ ਲਈ ਯਰੂਸਲਮ ਜਾਣਾ ਹੈ। ਅਸੀ ਇੱਕੋ ਸੱਚੇ ਪਰਮੇਸ਼ਵਰ ਦੀ ਸੇਵਾ ਕਰਨਾ ਚਾਹੁੰਦੇ ਹਾਂ, ਆਉ ਅਸੀ ਆਲੇ ਦੁਆਲੇ ਦੀਆਂ ਸਾਰੀਆਂ ਸੂਰਤਾ ਅਤੇ ਜਗਵੇਦੀਆਂ ਢਾਹ ਦਈਏ।''

**ਰਾਜਾ ਹਿਜਕੀਯਾਹ** : ''ਮੈ ਸਾਰਾ ਇੰਤਜਾਮ ਕਰ ਲਿਆ ਹੈ, ਜਿਸ ਦੀ ਲੋੜ ਇਸ ਮਹਾਨ ਜਸ਼ਨ ਵਾਸਤੇ ਸੀ। ਆਉ ਹੋਸਲਾ ਰੱਖੀਏ। ਜੇ ਅਸੀ ਪਛਤਾਵਾ ਕਰਾਂਗੇ ਤੱਦ ਪਰਮੇਸ਼ਵਰ ਸਾਡੀਆ ਪ੍ਰਾਥਨਾਵਾਂ ਨੂੰ ਸੁਣੇਗਾ।''

**ਜਾਜਕ** :- ਇਹ ਇੱਕਠਾ ਮਿੱਲ ਕੇ ਆਨੰਦ ਮਨਾਉਣਾ ਚੰਗਾ ਹੈ, ਦੂਜੇ ਹਫਤੇ ਵੀ ਅਸੀ ਇਸ ਨੂੰ ਮਨਾਈਏ। ਇਥੇ ਇਹੋ ਜਿਹੀ ਜਾਗਰਤੀ ਰਾਜਾ ਸੁਲੇਮਾਨ ਤੋਂ ਬਾਦ ਕਦੀ ਨਹੀ ਆਈ।

**ਵਾਚਕ ਜਾ ਵੱਡਾ ਬੱਚਾ** : ਸਮਝਾਏ ਕਿ ਨਾਟਕ ਖਤਮ ਹੋ ਗਿਆ ਹੈ, ਅਤੇ, ਉਨ੍ਹਾਂ ਦਾ ਧੰਨਵਾਦ ਕਰੇ ਜਿੰਨ੍ਹਾਂ ਨੇ ਮੱਦਦ ਕੀਤੀ।

**ਪ੍ਰਸ਼ਨਾ ਨੂੰ ਪੁੱਛੋ** : ਜੇ ਬੱਚੇ ਇਹ ਨਾਟਕ ਬਾਲਿਗਾਂ ਲਈ ਪੇਸ਼ ਕਰਨ ਤਾਂ ਉਹ ਬਾਲਿਗਾਂ ਕੋਲੋ ਉਹ ਪ੍ਰਸ਼ਨ, ਪੁੱਛਣ ਜਿੰਨ੍ਹਾਂ ਦੀ ਸੂਚੀ ਉੱਤੇ ਦਿੱਤੀ ਗਈ ਹੈ।

ਹੋਰ ਲੋਕਾਂ ਦੀਆਂ ਉਦਾਹਰਣਾ ਲਈ ਗੱਲਬਾਤ ਕਰੋ, ਜਿੰਨ੍ਹਾਂ ਨੇ ਕਿ ਰਾਜਾ ਹਿਜਕੀਯਾਹ ਵਾਂਗੂ ਕੀਤਾ।

- ਹੋਰ ਕਿਹੜੇ ਦੂਜਿਆ ਲੋਕਾਂ ਨੂੰ ਇਹ ਪਛਤਾਵੇ ਦਾ ਸੁਨੇਹਾ ਲੋਕਾਂ ਲਈ ਲੈ ਕੇ ਜਾਣਾ ਹੈ, ਜਿੰਨ੍ਹਾਂ ਨੂੰ ਕਿ ਪਰਮੇਸ਼ਵਰ ਦੀ ਲੋੜ ਹੈ?
- ਹੁਣ ਕਿਹੜੇ ਵੇਲੇ ਪਰਮੇਸ਼ਵਰ ਦੇ ਲੋਕਾਂ ਨੇ ਇੱਕਠੇ ਹੋਣਾ, ਪ੍ਰਾਥਨਾ ਕਰਨਾ ਅਤੇ ਮਨਾਉਣਾ ਹੈ,

ਇੱਕ ਚਿੱਠੀ ਦੀ ਸੁਨੇਹੇ ਨਾਲ, ਬੱਚਿਆਂ ਲਈ ਤਸਵੀਰ ਬਣਾਓ, ਕਿ ਉਹ ਨਕਲ ਕਰਨ। ਉਨ੍ਹਾਂ ਨੂੰ ਉਨ੍ਹਾਂ ਦੀਆਂ ਇਹ ਤਸਵੀਰਾਂ ਬਾਲਿਗਾਂ ਦੀ ਅਰਾਧਨਾ ਵੇਲੇ ਦਿਖਾਣ ਦਿਉ ਜਾਂ ਘਰ ਵਿੱਚ ਮਾਪਿਆ ਨੂੰ। ਤੇ ਉਨਾ ਨੂੰ ਸਮਝਾਉ ਕਿ ਇਹ ਦੱਸਦੀਆ ਹਨ, ਸਾਨੂੰ ਕਿਵੇ ਪਛਤਾਵੇ ਦਾ ਸੁਨੇਹਾ ਦੂਜਿਆਂ ਲੋਕਾ ਕੋਲ ਲੈ ਕੇ ਜਾਣਾ ਹੈ। ਇਸ ਲਈ ਸਾਨੂੰ ਸਾਰਿਆ ਨੂੰ ਪ੍ਰਾਥਨਾ ਕਰਨੀ ਹੈ ਅਤੇ ਪਰਮੇਸ਼ਵਰ ਨੂੰ ਇੱਕਠੇ ਭਾਲਣਾ ਹੈ। ਵੱਡੇ ਬੱਚੇ ਛੋਟਿਆ ਦੀ ਮੱਦਦ ਕਰਨ।

ਯਾਦ ਕਰੋ ਫਿਲੱਪੀਆ 2:2-3

ਕਵਿਤਾ :- ਤਿੰਨ ਬੱਚੇ, ਹਰੇਕ ਬੱਚਾ, ਇੱਕ-ਇੱਕ ਆਇਤ ਦੁਹਰਾਵੇ, ਜ਼ਬੂਰਾ ਦੀ ਪੋਥੀ 14:1-3

ਵੱਡੇ ਬੱਚੇ ਕਵਿਤਾਵਾ, ਗੀਤ ਜਾ ਨਾਟਕ ਲੋਕਾ ਦੇ ਬਾਰੇ ਲਿਖਾਣ ਕਿ ਉਹ ਆਤਮਕ ਰੂਪ ਵਿੱਚ ਨਵੇ ਹੋਣ। ਉਹ ਇਹ ਕਰਨ ਵਾਸਤੇ ਇੱਕਠੇ ਕੰਮ ਕਰਨ। ਅਤੇ ਉਹ ਇੰਨ੍ਹਾਂ ਕੰਮਾਂ ਨੂੰ ਘਰ ਵਿੱਚ ਵੀ ਕਰ ਸਕਦੇ ਹਨ।

**ਪ੍ਰਾਥਨਾ:** ''ਪਰਮੇਸ਼ਵਰ, ਅਸੀ ਵੀ, ਹਠੀਲੇ (ਅੜੀਅਲ) ਅਤੇ ਨਾ - ਸ਼ੁਕਰ ਗੁਜਾਰ ਇਸਰਾਏਲ ਦੇ ਲੋਕਾਂ ਵਰਗੇ ਹੀ ਹਾਂ। ਅਸੀ ਤੇਰੀ ਉਸਤਤ ਕਰਦੇ ਹਾਂ ਕਿ ਤੂੰ ਹਮੇਸ਼ਾ ਸੁਣਦਾ ਹੈ, ਜਦੋ ਅਸੀ ਪਛਤਾਵਾ ਕਰਦੇ ਹਾਂ, ਤੂੰ ਸਾਨੂੰ ਮਹਾਨ ਅਸ਼ੀਸਾ ਦਿੰਦਾ ਹੈ ਜਦੋ ਅਸੀ ਇੱਕਠੇ ਹੋਕੇ ਜਸ਼ਨ ਮਨਾਉਦੇ ਹਾਂ।''



ਹਿਜਕੀਯਾਹ ਦੇ ਸੁਨੇਹਾ ਦੇਣ ਵਾਲਿਆਂ ਨੇ ਲੋਕਾਂ ਨੂੰ ਸਿਖਾਇਆ।

Copyright 2004 © by Paul-Timothy. May be freely copied. Download from www.Paul-Timothy.net